# नाम जप लै

ਨਾਮ ਜਪ ਲੈ, ਨਿਮਾਣੀ ਜਿੰਦੇ ਮੇਰੀਏ,
ਔਖੇ ਵੇਲੇ ਕੰਮ ਆਊਗਾ ॥
ਮਾਲਾ ਨਾਮ ਵਾਲੀ, ਸੱਚੇ ਦਿਲੋਂ ਫੇਰੀਏ,
ਔਖੇ ਵੇਲੇ ਕੰਮ ਆਊਗਾ
*ਔਖੇ ਵੇਲੇ ਜੀ, ਕੰਮ ਆਊਗਾ।
ਨਾਮ ਜਪ ਲੈ, ਨਿਮਾਣੀ ਜਿੰਦੇ ਮੇਰੀਏ,
ਔਖੇ ਵੇਲੇ ਕੰਮ ਆਊਗਾ ॥

ਹਿਰਦੇ ਵਸਾ ਲੈ ਸੁਣ, ਸੱਚੀ ਸੁੱਚੀ ਬਾਣੀ ਨੂੰ।
ਨਾਮ ਜਪ ਕਰ ਲੈ, ਸਫ਼ਲ ਜਿੰਦਗਾਨੀ ਨੂੰ ॥
*ਲੇਖਾਂ ਕਰਮਾਂ ਦਾ, ਜੱਗ ਤੋਂ ਨਬੇੜੀਏ,
ਔਖੇ ਵੇਲੇ ਕੰਮ ਆਊਗਾ,,,
ਨਾਮ ਜਪ ਲੈ, ਨਿਮਾਣੀ,,,,,,,,,,,,,,,,,,,F

ਮਾੜੇ ਕੰਮ ਛੱਡੀਏ ਤੇ, ਨੇਕੀਆਂ ਹੀ ਕਰੀਏ।
ਮੌਤ ਯਾਦ ਰੱਖੀਏ, ਓ ਵਾਹਿਗੁਰੂ ਤੋਂ ਡਰੀਏ ॥
*ਮੇਰਾ ਜੱਗ ਤੇ ਕੀ, ਖ਼ਾਕ ਦੀ ਏ ਢੇਰੀਏ,
ਔਖੇ ਵੇਲੇ ਕੰਮ ਆਊਗਾ,,,
ਨਾਮ ਜਪ ਲੈ, ਨਿਮਾਣੀ,,,,,,,,,,,,,,,,,,,F

ਗੁਰੂ ਘਰ ਜਾਇਆ ਕਰੋ, ਕੰਮ ਧੰਦੇ ਛੱਡ ਕੇ।
ਥੋੜਾ ਘਣਾ ਵੇਲਾ ਏਹ, ਰੁਝੇਵਿਆਂ 'ਚੋਂ ਕੱਢ ਕੇ ॥
*ਉਸ ਰੱਬ ਦੀ ਵੀ, ਗੱਲ ਕਦੇ ਛੇੜੀਏ,
ਔਖੇ ਵੇਲੇ ਕੰਮ ਆਊਗਾ,,,
ਨਾਮ ਜਪ ਲੈ, ਨਿਮਾਣੀ,,,,,,,,,,,,,,,,,,,F

ਗੁਰੂ ਵਾਲੇ ਬਣੋ ਭਾਈ, ਅੰਮ੍ਰਿਤ ਛੱਕ ਕੇ।
ਪੰਜੇ ਕੱਕੇ ਪਹਿਨ ਕੇ ਤੇ, ਰਹਿਤਾਂ ਪੰਜ ਰੱਖ ਕੇ ॥
*ਦਿਓਂਣ ਵਾਲੇ, ਅਲਬੇਲੇ ਕਾਹਦੀ ਦੇਰ ਏ,
ਔਖੇ ਵੇਲੇ ਕੰਮ ਆਊਗਾ,,,
ਨਾਮ ਜਪ ਲੈ, ਨਿਮਾਣੀ,,,,,,,,,,,,,,,,,,,F
ਸਤਿਨਾਮ ਜੀ ਬੋਲੋ ਵਾਹਿਗੁਰੂ ਜੀ ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ


https://www.bhajanganga.com/bhajan/lyrics/id/24750/title/naam-jap-lai

अपने Android मोबाइल पर BhajanGanga App डाउनलोड करें और भजनों का आनंद ले |